# ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

**ਐਸ.ਸੀ.ਓ. – 104–106, ਦੂਜੀ ਅਤੇ ਤੀਸਰੀ ਮੰਜ਼ਿਲ, ਸੈਕਟਰ 34 – ਏ, ਚੰਡੀਗੜ੍ਹ।**

ਵੱਲ,

1. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.),ਪੰਜਾਬ।
2. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.),ਪੰਜਾਬ।

ਮੀਮੋ ਨੰ: 2008/ਸਸਅ/ਕੋਆਰਡੀਨੇਸ਼ਨ/37949
ਮਿਤੀ: ਚੰਡੀਗੜ੍ਹ 20.05.2010

**ਵਿਸ਼ਾ: ਮੁੱਖ ਦਫ਼ਤਰ ਦੀ ਇਜ਼ਾਜਤ ਤੋਂ ਬਿਨ੍ਹਾਂ ਕਿਸੇ ਵੀ ਅਧਿਆਪਕ ਦੀ ਡਿਊਟੀ ਦਫ਼ਤਰ ਵਿੱਚ ਨਾ ਲਾਉਣ ਬਾਰੇ ।**

**ਹਵਾਲਾ: ਇਸ ਦਫ਼ਤਰ ਦੇ ਪੱਤਰ ਨੰ. 2009/ਸਸਅ/ਕੋਆਰਡੀਨੇਸ਼ਨ/48507, ਮਿਤੀ 25.06.09 ਅਤੇ ਸਸਅ/2010/ਕੋਆਰਡੀਨੇਸ਼ਨ/23226, ਮਿਤੀ 02.02.2010 ਦੇ ਸਬੰਧ ਵਿੱਚ।**

1.0 ਉਪਰੋਕਤ ਹਵਾਲੇ ਅਧੀਨ ਵਿਸ਼ੇ ਦੇ ਸਬੰਧ ਵਿੱਚ ।

2.0 ਆਪਜੀ ਨੂੰ ਪਹਿਲਾਂ ਵੀ ਇਹ ਲਿਖਿਆ ਗਿਆ ਸੀ ਸਕੂਲਾਂ ਦੇ ਅਚਨਚੇਤ ਨਿਰੀਖਣ ਦੌਰਾਨ ਇਹ ਪਾਇਆ ਜਾਂਦਾ ਹੈ ਕਿ ਕਈ ਅਧਿਆਪਕਾਂ ਦੀ ਡਿਊਟੀ ਦਫ਼ਤਰੀ ਕੰਮਾਂ ਲਈ ਵੱਖ-ਵੱਖ ਦਫ਼ਤਰਾਂ ਵਿੱਚ ਲਗਾਈ ਜਾਂਦੀ ਹੈ ਜਿਸ ਕਾਰਨ ਅਧਿਆਪਕਾਂ ਦੇ ਸਕੂਲ ਵਿੱਚ ਨਾ ਜਾਣ ਕਾਰਨ ਬੱਚਿਆਂ ਦੀ ਪੜ੍ਹਾਈ ਤੇ ਬਹੁਤ ਮਾੜਾ ਅਸਰ ਪੈਂਦਾ ਹੈ। ਇਸ ਸਬੰਧੀ ਵਾਰ-ਵਾਰ ਕਈ ਪਿੰਡਾਂ ਦੀ ਪੰਚਾਇਤਾਂ ਵੱਲੋਂ ਲਿਖਤੀ ਰੂਪ ਵਿੱਚ ਇਸ ਦਫ਼ਤਰ ਨੂੰ ਸੂਚਿਤ ਕੀਤਾ ਜਾਂਦਾ ਹੈ।

3.0 ਇਸ ਸਬੰਧੀ ਆਪਨੂੰ ਲਿਖਿਆ ਜਾਂਦਾ ਹੈ ਕਿ ਆਪਦੇ ਜਿਲ੍ਹੇ ਵਿੱਚ ਪੈਂਦੇ ਸਕੂਲਾਂ ਵਿੱਚੋਂ ਉਨ੍ਹਾਂ ਅਧਿਆਪਕਾਂ ਦੀ ਸੂਚਨਾ ਹੇਠ ਲਿਖੇ ਪ੍ਰਫਾਰਮੇ ਅਨੁਸਾਰ ਭੇਜੀ ਜਾਵੇ ਜੋ ਕਿ ਇਸ ਦਫਤਰ ਦੀ ਆਗਿਆ ਤੋਂ ਬਿਨ੍ਹਾ ਵੱਖ-ਵੱਖ ਦਫ਼ਤਰਾਂ ਵਿੱਚ ਕੰਮ ਕਰ ਰਹੇ ਹਨ।

| ਲੜੀ ਨੰ. | ਅਧਿਆਪਕ ਦਾ ਨਾਂ | ਅਹੁੱਦਾ | ਸਕੂਲ ਦਾ ਨਾਂ | ਕਿਸ ਦਫਤਰ ਵਿੱਚ ਕੰਮ ਕਰ ਰਿਹਾ ਹੈ | ਵਿਸ਼ੇਸ਼ ਕਥਨ |
|---|---|---|---|---|---|
| | | | | | |

ਡਾਇਰੈਕਟਰ ਜਨਰਲ ਸਕੂਲ ਸਿੱਖਿਆ,
ਪੰਜਾਬ, ਚੰਡੀਗੜ੍ਹ